# Prime Minister's participation in the Quad Leaders' Summit

September 24, 2021

................................................................................................................................

## ਕਵਾਡ ਆਗੂਆਂ ਦੇ ਸਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ

24 ਸਤੰਬਰ, 2021

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 24 ਸਤੰਬਰ, 2021 ਨੂੰ ਅਮਰੀਕਾ ਦੇ ਵਾਸ਼ਿੰਗਟਨ ਡੀਸੀ ਵਿਖੇ ਹੋਏ ਪਹਿਲੇ ਵਿਅਕਤੀਗਤ ਕਵਾਡ ਆਗੂ ਸੰਮੇਲਨ ਵਿੱਚ ਹਿੱਸਾ ਲਿਆ, ਜਿਸ ਵਿੱਚ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਸਕੌਟ ਮੌਰੀਸਨ, ਜਾਪਾਨੀ ਪ੍ਰਧਾਨ ਮੰਤਰੀ ਯੋਸ਼ੀਹਾਈਡੇ ਸੁਗਾ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਜੋਸੇਫ ਬਿਡੇਨ ਵੀ ਸ਼ਾਮਲ ਹੋਏ। ਇਨ੍ਹਾਂ ਆਗੂਆਂ ਦਰਮਿਆਨ ਲਾਹੇਵੰਦ ਵਿਚਾਰ-ਵਟਾਂਦਰਾ ਹੋਇਆ, ਜਿਸ ਨਾਲ ਕਵਾਡ ਦੇ ਸਾਂਝੇ ਹਿੱਤਾਂ, ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਮਜ਼ਬੂਤੀ ਮਿਲੀ, ਜਿਨ੍ਹਾਂ 'ਤੇ ਕਵਾਡ ਫਰੇਮਵਰਕ ਆਧਾਰਿਤ ਹੈ।

2. ਆਗੂਆਂ ਨੇ ਅਫਗਾਨਿਸਤਾਨ ਅਤੇ ਦੱਖਣੀ ਏਸ਼ੀਆ ਅਤੇ ਹਿੰਦ-ਪ੍ਰਸ਼ਾਂਤ ਦੀ ਖੇਤਰੀ ਸਥਿਤੀ ਬਾਰੇ ਆਪਣੇ-ਆਪਣੇ ਨਜ਼ਰੀਏ ਸਾਂਝੇ ਕੀਤੇ। ਅਫਗਾਨਿਸਤਾਨ ਦੇ ਮਾਮਲੇ 'ਤੇ ਉਹ ਅੱਤਵਾਦ ਦੀ ਖਿਲਾਫਤ ਅਤੇ ਮਨੁੱਖੀ ਸਹਾਇਤਾ ਵਿੱਚ ਆਪਣੇ ਸਹਿਯੋਗ ਨੂੰ ਹੋਰ ਡੂੰਘਾ ਕਰਨ ਉੱਤੇ ਸਹਿਮਤ ਹੋਏ ਅਤੇ ਤਾਲਿਬਾਨ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਮਤਾ 2593 ਦੀ ਪਾਲਣਾ ਕਰਨ ਲਈ ਕਿਹਾ।

3. ਆਗੂਆਂ ਨੇ ਅੱਤਵਾਦੀ ਪ੍ਰੌਕਸੀਆਂ ਦੀ ਵਰਤੋਂ ਕਰਨ ਦੀ ਨਿਖੇਧੀ ਕੀਤੀ ਅਤੇ ਅੱਤਵਾਦੀ ਸਮੂਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਲੌਜਿਸਟਿਕ, ਵਿੱਤੀ ਜਾਂ ਫੌਜੀ ਮਦਦ ਦੇਣ ਤੋਂ ਨਾਂਹ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜਿਸਦੀ ਵਰਤੋਂ ਸਰਹੱਦ ਪਾਰ ਹਮਲਿਆਂ ਸਮੇਤ ਅੱਤਵਾਦੀ ਹਮਲੇ ਕਰਨ ਜਾਂ ਉਨ੍ਹਾਂ ਦੀ ਵਿਉਂਤਬੰਦੀ ਕਰਨ ਲਈ ਕੀਤੀ ਜਾ ਸਕਦੀ ਹੈ।

4. ਕਵਾਡ ਆਗੂਆਂ ਨੇ ਆਪਣੇ ਮਾਰਚ। 2021 ਦੇ ਸਿਖਰ ਸੰਮੇਲਨ ਤੋਂ ਲੈ ਕੇ ਹੁਣ ਤੱਕ ਹੋਈ ਤਰੱਕੀ, ਖਾਸ ਕਰਕੇ ਕੋਵਿਡ -19 ਟੀਕੇ ਦੀ ਭਾਈਵਾਲੀ ਬਾਰੇ, ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਇਸ ਐਲਾਨ ਦਾ ਸਵਾਗਤ ਕੀਤਾ ਕਿ ਭਾਰਤ ਅਕਤੂਬਰ, 2021 ਤੋਂ ਭਾਰਤ-ਪ੍ਰਸ਼ਾਂਤ ਖੇਤਰ ਨੂੰ ਭਾਰਤ ਅੰਦਰ ਬਣੀਆਂ 80 ਲੱਖ ਖੁਰਾਕਾਂ ਨਾਲ ਟੀਕੇ ਦੀ ਸਪਲਾਈ ਸ਼ੁਰੂ ਕਰੇਗਾ। ਆਲਮੀ ਸਫ਼ਰ ਅਤੇ ਨਿਸ਼ਚਿਤਤਾ ਨੂੰ ਯਕੀਨੀ ਬਣਾਉਣ ਵਾਸਤੇ ਪ੍ਰਧਾਨ ਮੰਤਰੀ ਨੇ ਦੇਸ਼ਾਂ ਦਰਮਿਆਨ ਸਫ਼ਰ ਲਈ ਸਾਂਝੇ ਨਿਯਮ ਬਣਾਉਣ ਅਤੇ ਵੈਕਸੀਨ ਸਰਟੀਫਿਕੇਟਾਂ ਨੂੰ ਆਪਸੀ ਪਰਵਾਨਗੀ ਦੇਣ ਦੀ ਤਜਵੀਜ਼ ਦਿੱਤੀ।

5. ਆਗੂਆਂ ਨੇ ਮੌਸਮੀ ਤਬਦੀਲੀ, ਜਹਾਜ਼ਰਾਣੀ ਅਤੇ ਬੰਦਰਗਾਹ ਸੰਚਾਲਨ ਵਿੱਚ ਡੀਕਾਰਬੋਨਾਈਜ਼ੇਸ਼ਨ ਦੇ ਯਤਨਾਂ, ਸਾਫ਼ ਹਾਈਡ੍ਰੋਜਨ ਟੈਕਨਾਲੌਜੀ ਦੀ ਵਰਤੋਂ, ਜ਼ਿੰਮੇਵਾਰ ਅਤੇ ਲਚਕੀਲੇ ਸਾਫ ਊਰਜਾ ਸਪਲਾਈ ਚੇਨਾਂ ਦੀ ਲੋੜ ਬਾਰੇ ਸਕਾਰਾਤਮਕ ਕੰਮਾਂ 'ਤੇ  ਚਰਚਾ ਕੀਤੀ। ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਨੇ ਸਾਡੀ ਆਪੋ ਆਪਣੀਆਂ ਸ਼ਕਤੀਆਂ ਅਤੇ ਸਮਰੱਥਾਵਾਂ ਦੇ ਲਿਹਾਜ਼ ਨਾਲ ਆਲਮੀ ਗ੍ਰੀਨ ਹਾਈਡ੍ਰੋਜਨ ਗੱਠਜੋੜ ਬਣਾਉਣ ਦੀ ਤਜਵੀਜ਼ ਦਿੱਤੀ। ਆਗੂਆਂ ਨੇ ਸ਼ਿਪਿੰਗ ਟਾਸਕਫੋਰਸ ਵੀ ਲਾਂਚ ਕੀਤੀ ਜੋ ਸ਼ਿਪਿੰਗ ਵੈਲਯੂ ਚੇਨ ਦੇ ਹਰਿਆਲੀਕਰਨ ਅਤੇ

ਡੀਕਾਰਬੋਨਾਇਜ਼ਿੰਗ ਦਾ ਤਾਲਮੇਲ ਕਰੇਗੀ। ਮੁੰਬਈ ਪੋਰਟ ਟਰੱਸਟ ਇਸ ਪਹਿਲਕਦਮੀ ਵਿੱਚ ਹੋਰ ਤਿੰਨ ਕਵਾਡ ਦੇਸ਼ਾਂ ਦੇ ਪੋਰਟਾਂ ਦੇ ਨਾਲ ਹਿੱਸਾ ਲਵੇਗਾ।

6. ਆਗੂਆਂ ਨੇ ਟੈਕਨਾਲੌਜੀ ਡਿਜ਼ਾਈਨ, ਵਿਕਾਸ, ਪ੍ਰਸ਼ਾਸਨ ਅਤੇ ਵਰਤੋਂ ਬਾਰੇ ਕਵਾਡ ਸਿਧਾਂਤ ਜਾਰੀ ਕੀਤੇ ਜੋ ਨਾ ਸਿਰਫ ਇਸ ਖੇਤਰ ਨੂੰ ਬਲਕਿ ਪੂਰੇ ਵਿਸ਼ਵ ਨੂੰ ਜ਼ਿੰਮੇਵਾਰ, ਖੁੱਲੀ, ਉੱਚ ਪੱਧਰੀ ਨਵੀਨਤਾ ਵੱਲ ਸੇਧ ਦੇਣਗੇ।

7। ਲੋਕਾਂ ਨੂੰ ਲੋਕਾਂ ਨਾਲ ਜੋੜਨ ਨੂੰ ਸੁਖਾਲਾ ਕਰਨ ਅਤੇ ਇਸ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਲਈ ਆਗੂਆਂ ਨੇ ਸੰਯੁਕਤ ਰਾਜ ਅਮਰੀਕਾ ਅੰਦਰ STEM ਖੇਤਰਾਂ ਵਿੱਚ ਮਾਸਟਰਸ ਅਤੇ ਡਾਕਟਰੇਟ ਡਿਗਰੀਆਂ ਹਾਸਲ ਕਰਨ ਲਈ ਪ੍ਰਤੀ ਸਾਲ 100 ਵਿਦਿਆਰਥੀਆਂ ਨੂੰ ਫੈਲੋਸ਼ਿਪ ਦੇਣ ਦੇ ਪ੍ਰੋਗਰਾਮ ਦਾ ਐਲਾਨ ਕੀਤਾ।

8. ਖੇਤਰੀ ਬੁਨਿਆਦੀ ਢਾਂਚੇ ਦੀਆਂ ਲੋੜਾਂ ਦੇ ਮੁਲਾਂਕਣਾਂ ਨੂੰ ਸਾਂਝਾ ਕਰਨ ਅਤੇ ਪਹੁੰਚ, ਤਕਨੀਕੀ ਸਹਾਇਤਾ ਅਤੇ ਸਮਰੱਥਾ ਨਿਰਮਾਣ ਦੇ ਯਤਨਾਂ ਦਰਮਿਆਨ ਤਾਲਮੇਲ ਕਰਨ ਲਈ ਕੁਆਡ ਬੁਨਿਆਦੀ ਢਾਂਚਾ ਤਾਲਮੇਲ ਸਮੂਹ ਲਾਂਚ ਕੀਤਾ ਗਿਆ।

9. ਆਗੂਆਂ ਨੇ ਮੌਸਮੀ ਤਬਦੀਲੀ, ਬਿਪਦਾਵਾਂ ਦੀ ਤਿਆਰੀ ਅਤੇ ਸਾਂਝੇ ਖੇਤਰਾਂ ਵਿੱਚ ਚੁਣੌਤੀਆਂ ਨਾਲ ਨਜਿੱਠਣ ਲਈ ਨਿਗਰਾਨੀ ਅਤੇ ਅਨੁਕੂਲਤਾ ਲਈ ਧਰਤੀ ਨਾਲ ਸਬੰਧਤ ਅੰਕੜਿਆਂ ਦੇ ਵਟਾਂਦਰੇ ਲਈ ਪੁਲਾੜ ਸਹਿਯੋਗ ਕਾਰਜ ਸਮੂਹ ਦੀ ਸਥਾਪਨਾ ਵੀ ਕੀਤੀ ਗਈ।

10. ਇਹ ਸਿਖਰ ਸੰਮੇਲਨ ਆਗੂਆਂ ਲਈ ਕਵਾਡ ਦੀ ਸਕਾਰਾਤਮਕ ਰਫਤਾਰ ਅਤੇ ਇਸ ਦੇ ਉਸਾਰੂ ਏਜੰਡੇ ਨੂੰ ਆਲਮੀ ਭਲਾਈ ਲਈ ਸ਼ਕਤੀ ਬਣਾਉਣ ਦਾ ਮੌਕਾ ਸੀ। ਆਗੂਆਂ ਨੇ ਆਜ਼ਾਦ, ਖੁੱਲੇ ਅਤੇ ਸਮਾਵੇਸ਼ੀ ਹਿੰਦ-ਪ੍ਰਸ਼ਾਂਤ ਖੇਤਰ ਲਈ ਆਪਣੀ ਵਚਨਬੱਧਤਾ ਅਤੇ ਸਾਂਝੀ ਨਜ਼ਰੀਏ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬਾਕਾਇਦਾ ਸੰਪਰਕ ਬਣਾਈ ਰੱਖਣ ਅਤੇ ਉੱਚ ਪੱਧਰੀ ਗੱਲਬਾਤ ਰੱਖਣ 'ਤੇ ਸਹਿਮਤੀ ਪ੍ਰਗਟ ਕੀਤੀ।

ਸਿਖਰ ਸੰਮੇਲਨ ਦੇ ਨਤੀਜਿਆਂ ਦਾ ਵੇਰਵਾ

a. ਸਾਂਝਾ ਬਿਆਨ
b. ਤੱਥਾਂ ਦਾ ਬਿਉਰਾ
c. ਟੈਕਨਾਲੌਜੀ ਡਿਜ਼ਾਈਨ, ਵਿਕਾਸ ਅਤੇ ਪ੍ਰਸ਼ਾਸਨ ਬਾਰੇ ਸਿਧਾਂਤ

ਵਾਸ਼ਿੰਗਟਨ ਡੀ.ਸੀ.

24 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.